Ph. 01652-227280

# ਵਣ ਮੰਡਲ ਅਫ਼ਸਰ, ਮਾਨਸਾ

ਇਹ ਦਫ਼ਤਰ ਬਰਨਾਲਾ-ਮਾਨਸਾ ਰੋਡ ਉੱਪਰ ਨੇੜੇ ਕੈਂਚੀਆਂ, ਸਾਹਮਣੇ ਮਧੁਰ ਮਿਲਨ ਪੈਲੇਸ, ਮਾਨਸਾ ਵਿਖੇ ਸਥਿਤ ਹੈ। ਜਿਸ ਦਾ ਇੰਚਾਰਜ ਵਣ ਮੰਡਲ ਅਫ਼ਸਰ ਹੈ। ਮਾਨਸਾ ਵਣ ਮੰਡਲ ਅਧੀਨ ਸਾਰਾ ਜ਼ਿਲ੍ਹਾ ਮਾਨਸਾ ਆਉਂਦਾ ਹੈ। ਇਸ ਵਿੱਚ ਦੋ ਰੇਂਜਾਂ ਹਨ ਜਿੰਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਰੇਂਜ ਦਾ ਨਾਂ | ਵਿਸੇਸ਼ ਕਥਨ |
|---|---|---|
| 1. | ਮਾਨਸਾ ਰੇਂਜ | |
| 2. | ਬੁਢਲਾਡਾ ਰੇਂਜ | |

ਮੰਡਲ ਦਾ ਕੁੱਲ 2704.15 ਹੈਕਟੇਅਰ ਵਣ ਰਕਬਾ ਹੈ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| | | |
|---|---|---|
| 1. | ਸੜਕਾਂ (ਪ੍ਰੋਟੈਕਟਡ ਫਾਰੈਸਟ) | 615 ਹੈਕ: |
| 2. | ਰੇਲਵੇ (ਪ੍ਰੋਟੈਕਟਡ ਫਾਰੈਸਟ) | 253 ਹੈਕ: |
| 3. | ਨਹਿਰਾਂ/ਡਰੇਨਾਂ (ਪ੍ਰੋਟੈਕਟਡ ਫਾਰੈਸਟ) | 1817.15 ਹੈਕ: |
| 4. | ਬਲਾਕ ਫਾਰੈਸਟ। | 19 ਹੈਕ: |

ਵਿਭਾਗ ਦਾ ਮੁੱਖ ਕੰਮ ਵਣ ਰਕਬਿਆਂ ਅਤੇ ਸ਼ਨਾਖਤ ਕੀਤੀਆਂ ਸਰਕਾਰੀ ਥਾਵਾਂ ਵਿੱਚ ਪੌਦੇ ਲਗਾਉਣਾ, ਜੰਗਲਾਂ ਦੀ ਦੇਖਭਾਲ ਕਰਨਾ ਅਤੇ ਲੋਕਾਂ ਨੂੰ ਫਾਰਮ ਫਾਰੈਸਟ ਸਕੀਮ ਅਧੀਨ ਸਸਤੀਆਂ ਦਰਾਂ ਤੇ ਪੌਦੇ ਸਪਲਾਈ ਕਰਨਾ ਹੈ। ਪਲਾਂਟੇਸ਼ਨ ਲਈ ਪੌਦੇ ਤਿਆਰ ਕਰਨ ਅਤੇ ਲੋਕਾਂ ਨੂੰ ਫਾਰਮ ਫਾਰੈਸਟਰੀ ਸਕੀਮ ਅਧੀਨ ਪੌਦੇ ਸਪਲਾਈ ਕਰਨ ਲਈ ਵੱਖ-ਵੱਖ ਉਪਰੋਕਤ 2 ਰੇਂਜਾਂ ਵਿੱਚ ਹੇਠ ਲਿਖੇ 4 ਨਰਸਰੀਆਂ ਹਨ, ਇਹਨਾਂ ਤੋਂ ਲੋਕੀ ਸਸਤੀਆਂ ਦਰਾਂ ਤੇ ਪੌਦੇ ਪ੍ਰਾਪਤ ਕਰ ਸਕਦੇ ਹਨ।

| ਲੜੀ ਨੰ: | ਰੇਂਜ ਦਾ ਨਾਂ | ਨਰਸਰੀ ਦਾ ਨਾਂ | |
|---|---|---|---|
| 1. | ਮਾਨਸਾ ਰੇਂਜ | 1 | ਮਾਨਸਾ ਨਰਸਰੀ |
| | | 2 | ਭੀਖੀ ਨਰਸਰੀ |
| 2. | ਬੁਢਲਾਡਾ ਰੇਂਜ | 1 | ਚੱਕ ਫਾਰਮ ਨਰਸਰੀ |
| | | 2 | ਕੁਸਲਾ ਨਰਸਰੀ |

ਇਸ ਵਿੱਤੀ ਸਾਲ ਦੌਰਾਨ ਇਸ ਮੰਡਲ ਵਿੱਚ ਜੇ.ਬੀ.ਆਈ.ਸੀ. ਸਕੀਮ ਅਧੀਨ ਹੇਠ ਲਿਖੇ ਅਨੁਸਾਰ ਪੌਦੇ ਲਗਾਉਣ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ :-

1. ***ਫਾਰੈਸਟ ਟਰੈਂਚ/ਪਿੱਟਸ:-***

| | | ਹੈਕਟੇਅਰ | ਪੌਦੇ |
|---|---|---|---|
| 1. | ਫਾਰੈਸਟ ਟਰੈਂਚ/ਪਿੱਟਸ:- | 175 ਹੈਕ: | 175000 |
| 2. | ਸਲਾਈਨ ਐਂਡ ਅਲਕਾਲਾਈਲ:- | 25 ਹੈਕ: | 25000 |
| 3 | ਵਾਟਰ ਲਾਗਡ ਏਰੀਆ:- | 50 ਹੈਕ: | 50000 |
| | ਜੋੜ | 250 ਹੈਕ: | 250000 |

ਇਸ ਤੋਂ ਇਲਾਵਾ ਪਿਛਲੇ ਸਾਲ ਦੀਆਂ ਮੈਨਟੀਨੈਂਸ ਵਿੱਚ ਸਾਲ 2005-06 ਦੌਰਾਨ 125000 ਪੌਦੇ ਹੋਰ ਲਗਾਏ ਜਾਣੇ ਹਨ। ਦੱਸਣ ਯੋਗ ਹੈ ਕਿ ਸਰਕਾਰੀ ਪੌਦਿਆਂ/ਵਣਾਂ ਨੂੰ ਕੱਟਣਾ ਜੁਰਮ ਹੈ। ਇਸ ਦੀ ਚੋਰੀ/ਕਟਾਈ ਜਾਂ ਤਬਾਹੀ ਲਈ ਦੋਸੀ ਖਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਂਈ ਹੈ। ਵਣ ਸਾਡੀ ਮਨੁੱਖੀ ਜਿੰਦਗੀ ਦੀ ਬਹੁਤ ਵੱਡੀ ਲੋੜ ਹੈ। ਪਾਲਣ-ਪੋਸ਼ਣ, ਖੁਰਾਕ, ਬਾਲਣ ਤੋਂ ਲੈ ਕੇ ਵਰਖਾ ਲਿਆਉਣ, ਜ਼ਮੀਨ ਦਾ ਖੋਰਾ ਰੋਕਣ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਨ ਦੇਣ ਵਿੱਚ ਮਦਦਗਾਰ ਹੁੰਦੇ ਹਨ। ਇਸ ਲਈ ਚਾਹੀਦਾ ਹੈ ਕਿ ਹਰ ਮਨੁੱਖ ਲਾਵੇ 20 ਰੁੱਖ। ਵਣ ਵਿਭਾਗ ਇਸ ਮੰਤਵ ਲਈ ਆਪ ਦੀ ਸੇਵਾ ਵਿੱਚ ਹਮੇਸ਼ਾ ਹਾਜ਼ਰ ਹੈ।